# ਜ਼ਿਲ੍ਹਾ ਸਿੱਖਿਆ ਅਫਸਰ(ਐ.ਸ.),ਅੰਮ੍ਰਿਤਸਰ

ਪੱਤਰ ਨੰ:ਸਸਅ/ਆਰ.ਟੀ.ਈ/2023369127 ਮਿਤੀ:07-2-2023

ਵੱਲ:

ਮੈਨੇਜਰ / ਚੇਅਰਮੈਨ / ਪ੍ਰਧਾਨ
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਪਬਲਿਕ ਸਕਲ,
ਚੂੰਗ ਤਹਿਸੀਲ ਬਾਬਾ ਬਕਾਲਾ।

ਵਿਸ਼ਾ:- ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2011 ਦੇ ਨਿਯਮ 11 ਦੇ ਉਪ ਨਿਯਮ (4) ਅਧੀਨ ਅਤੇ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ 2009 ਦੀ ਧਾਰਾ 18 ਦੇ ਮੰਤਵ ਲਈ ਸਕੂਲ ਦੇ ਮਾਨਤਾ ਪ੍ਰਾਪਤ ਪ੍ਰਮਾਣ ਪੱਤਰ।

ਸ੍ਰੀਮਾਨ/ ਸ੍ਰੀਮਤੀ ਜੀ,

ਆਪ ਜੀ ਦੀ ਪ੍ਰਤੀ ਬੇਨਤੀ ਨਾਲ ਦਾਖਲ ਸਵੈ-ਘੋਸ਼ਣਾ ਅਤੇ ਨਿਰੀਖਕ ਕਮੇਟੀ ਵਲੋਂ ਦਿੱਤੀ ਗਈ ਸਕੂਲ ਦੀ ਨਿਰੀਖਣ ਰਿਪੋਰਟ ਨੂੰ ਮੁੱਖ ਰੱਖਦੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਪਬਲਿਕ ਸਕਲ, ਚੂੰਗ ਨੂੰ ਜਮਾਤ ਪ੍ਰੀ ਨਰਸਰੀ ਤੋਂ ਜਮਾਤ ਅੱਠਵੀ ਤੱਕ ਤਿੰਨ ਸਾਲ ਦੀ ਆਰਜ਼ੀ ਮਾਨਤਾ ਦਿੱਤੀ ਜਾਂਦੀ ਹੈ।

ਉਪਰੋਕਤ ਮਾਨਤਾ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਹੈ:-

1. ਮਾਨਤਾ ਪ੍ਰਾਪਤ ਦੀ ਪ੍ਰਵਾਨਗੀ ਵਧਾਏ ਯੋਗ ਨਹੀਂ ਹੈ ਅਤੇ ਕਿਸੇ ਵੀ ਹਾਲਤ ਵਿੱਚ ਇਸ ਦਾ ਮਤਲਬ ਇਹ ਨਹੀਂ ਲਿਆ ਜਾਣਾ ਚਾਹੀਦਾ ਹੈ ਕਿ ਇਹ ਅੱਠਵੀਂ ਜਮਾਤ ਤੋਂ ਉਪਰਲੀਆਂ ਜਮਾਤਾਂ ਦੀ ਮਾਨਤਾ / ਸਬੰਧਕਰਨ ਲਈ ਲਾਜ਼ਮੀ ਹੈ।
2. ਸਕੂਲ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ, 2009 (ਸਾਰਣੀ -1) ਅਤੇ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2011 (ਸਾਰਣੀ -2) ਦੇ ਉਪਬੰਧਾਂ ਦੀ ਪਾਲਣਾ ਕਰੇਗਾ।
3. ਸਕੂਲ ਦੀ ਪਹਿਲੀ ਜਮਾਤ ਵਿੱਚ (ਜਾਂ ਪੂਰਵ ਸਕੂਲ ਜਮਾਤ ਵਿੱਚ ਜੋ ਵੀ ਲਾਗੂ ਹੋਵੇ) ਜਮਾਤ ਦੀ ਕੁੱਲ ਸੰਖਿਆ ਦਾ 25% ਕਮਜ਼ੋਰ ਤਬਕੇ ਅਤੇ ਗੈਰ ਸੁਵਿਧਾ ਪ੍ਰਾਪਤ ਸਮੂਹ ਦੇ ਆਸ-ਪਾਸ ਦੇ ਬੱਚਿਆਂ ਦਾ ਦਾਖਲਾ ਕਰੇਗਾ ਅਤੇ ਮੁਫਤ ਅਤੇ ਲਾਜ਼ਮੀ ਮੁਢਲੀ ਸਿੱਖਿਆ, ਇਸ ਦੇ ਪੂਰੇ ਹੋਣ ਤੱਕ ਪੜਤਾਲ ਕਰੇਗਾ।
4. ਸਕੂਲ ਦੇ ਪੈਰਾ 3 ਵਿੱਚ ਦਿੱਤੇ ਬੱਚਿਆਂ ਲਈ ਐਕਟ ਦੀ ਧਾਰਾ 12 ਦੀ ਉਪ ਧਾਰਾ(2) ਦੇ ਉਪਬੰਧਾਂ ਅਨੁਸਾਰ ਖਰਚੇ ਦੀ ਪ੍ਰਤੀਪੂਰਤੀ ਕੀਤੀ ਜਾਵੇਗੀ। ਇਹ ਪ੍ਰਤੀ ਪੂਰਤੀ ਲੈਣ ਲਈ ਸਕੂਲ ਨੂੰ ਵੱਖਰਾ ਬੈਂਕ ਖਾਤਾ ਰੱਖਣਾ ਪਵੇਗਾ।
5. ਸੰਸਥਾ/ ਸਕੂਲ ਕੋਈ ਕੈਪੀਟੇਸ਼ਨ ਫੀਸ ਨਹੀਂ ਲਵੇਗਾ ਅਤੇ ਬੱਚੇ ਦਾ ਉਸ ਦੇ ਮਾਪਿਆਂ ਜਾਂ ਸਰਪ੍ਰਸਤ ਦੀ ਚੋਣ ਦੀ ਕੋਈ ਵਿਧੀ ਨਹੀਂ ਅਪਣਾਏਗਾ।
6. ਸਕੂਲ ਕਿਸੇ ਬੱਚੇ ਨੂੰ ਜਨਮ ਦਾ ਸਬੂਤ ਨਾ ਹੋਣ ਕਾਰਨ ਦਾਖਲੇ ਤੋਂ ਇਨਕਾਰ ਨਹੀਂ ਕਰੇਗਾ ਅਤੇ ਐਕਟ ਦੀ ਧਾਰਾ 15 ਦੇ ਉਪਬੰਧਾਂ ਦੀ ਪਾਲਣਾ ਕਰੇਗਾ। ਸਕੂਲ ਇਹ ਯਕੀਨੀ ਬਣਾਏਗਾ ਕਿ :-

I.) ਕਿਸੇ ਵੀ ਦਾਖਲ ਕੀਤੇ ਬੱਚੇ ਨੂੰ ਸਕੂਲ ਵਿਚੋਂ ਕੱਢਿਆ ਨਹੀਂ ਜਾਵੇਗਾ ਜਦੋਂ ਤੱਕ ਕਿ ਉਸ ਦੀ ਮੁਢਲੀ ਸਿੱਖਿਆ ਪੂਰੀ ਨਹੀਂ ਹੋ ਜਾਂਦੀ।

II.) ਕਿਸੇ ਵੀ ਬੱਚੇ ਨੂੰ ਸਰੀਰਕ ਦੰਡ ਜਾਂ ਮਾਨਸਿਕ ਪ੍ਰੇਸ਼ਾਨੀ ਨਹੀਂ ਦਿੱਤੀ ਜਾਵੇਗੀ।

III.) ਹਰ ਇੱਕ ਬੱਚੇ ਨੂੰ ਜਿਸ ਨੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਈ ਹੈ , ਨੂੰ ਨਿਯਮ 25 ਅਨੁਸਾਰ ਪ੍ਰਮਾਣ ਪੱਤਰ ਦਿੱਤਾ ਜਾਵੇਗਾ।

IV.) ਐਕਟ ਦੇ ਉਪਬੰਧਾਂ ਅਨੁਸਾਰ ਵਿਸ਼ੇਸ਼ ਜਰੂਰਤਾਂ/ ਅਪੰਗ ਵਿਦਿਆਰਥੀਆਂ ਦੀ ਸ਼ਮੂਲੀਅਤ ।

V.) ਅਧਿਆਪਕਾਂ ਲਈ ਇਹ ਜਰੂਰੀ ਹੈ ਕਿ ਉਹ ਧਾਰਾ 23 (1) ਅਧੀਨ ਦਿੱਤੀਆਂ ਘੱਟੋ-ਘੱਟ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ।

VI.) ਅਧਿਆਪਕ ਐਕਟ ਦੀ ਧਾਰਾ 24(1) ਅਧੀਨ ਦਰਸਾਈਆਂ ਜਿੰਮੇਵਾਰੀਆਂ ਪੂਰੀਆਂ ਕਰਨਗੇ ।

VII) ਅਧਿਆਪਕ ਆਪਣੇ ਆਪ ਨੂੰ ਪ੍ਰਾਈਵੇਟ ਟਿਊਸ਼ਨਾਂ ਵਿੱਚ ਮਸ਼ਰੂਫ ਨਹੀਂ ਰੱਖਣਗੇ ।

VIII) ਸਕੂਲ ਪਹਿਲੀ ਜਮਾਤ ਤੋ ਪੰਜਾਬੀ ਅਤੇ ਤੀਸਰੀ ਜਮਾਤ ਤੋ ਹਿੰਦੀ ਪੜ੍ਹਾਉਣਾ ਲਾਜਮੀ ਬਣਾਏਗਾ।

7. ਸਕੂਲ ਪੜ੍ਹਾਈ ਦੇ ਵਿਸ਼ਿਆਂ ਦੇ ਅਧਾਰ ਤੇ ਉਚਿਤ ਅਥਾਰਟੀ ਦੁਆਰਾ ਨਿਰਧਾਰਤ ਕੀਤੇ ਸਿਲੇਬਸ ਦੀ ਪੈਰਵੀ ਕਰਨਗੇ।

8. ਸਕੂਲ ਐਕਟ ਦੀ ਧਾਰਾ 19 ਵਿੱਚ ਨਿਰਧਾਰਤ ਸ਼ਰਤਾਂ ਅਤੇ ਮਿਆਰਾਂ ਦੀ ਪਾਲਣਾ ਕਰੇਗਾ।

9. ਸਕੂਲ ਦੇ ਇਸੇ ਨਾਮ ਤੇ ਸਕੂਲ ਦੀ ਇਮਾਰਤ ਅੰਦਰ ਜਾਂ ਇਸ ਦੇ ਬਾਹਰ ਕੋਈ ਵੀ ਗੈਰ ਮਾਨਤਾ ਪ੍ਰਾਪਤ ਜਮਾਤ ਨਹੀਂ ਚਲਾਈ ਜਾਵੇਗੀ।

10. ਸਕੂਲ ਦੀ ਇਮਾਰਤ ਜਾਂ ਹੋਰ ਢਾਂਚਾ ਜਾਂ ਮੈਦਾਨ ਕੇਵਲ ਪੜ੍ਹਾਈ ਜਾਂ ਯੋਗਤਾ ਵਿਕਾਸ ਲਈ ਹੀ ਵਰਤੇ ਜਾਣਗੇ।

11. ਸਕੂਲ ਸੁਸਾਇਟੀ ਰਜਿਸਟਰੇਸ਼ਨ ਐਕਟ 1860 (1860 ਦਾ 21) ਅਧੀਨ ਰਜਿਸਟਰਡ ਕੀਤੀ ਸੁਸਾਇਟੀ ਦੁਆਰਾ ਜਾਂ ਸਮੇਂ ਸਮੇਂ ਤੇ ਲਾਗੂ ਕਿਸੇ ਕਾਨੂੰਨ ਅਧੀਨ ਸਿਰਜੇ ਗਏ ਟਰੱਸਟ ਦੁਆਰਾ ਚਲਾਇਆ ਜਾ ਰਿਹਾ ਹੈ।

12. ਸਕੂਲ ਸਮੇਂ ਸਮੇਂ ਤੇ ਲੋੜੀਂਦੇ ਦਸਤਾਵੇਜ਼ਾਂ ਜਿਵੇਂ ਕਿ ਬਿਲਡਿੰਗ ਸੇਫਟੀ ਸਰਟੀਫਿਕੇਟ, ਫਾਇਰ ਸੇਫਟੀ ਸਰਟੀਫਿਕੇਟ,ਜ਼ਮੀਨ ਸਬੰਧੀ ਦਸਤਾਵੇਜ਼ ਅਤੇ ਹੋਰ ਕੋਈ ਵੀ ਦਸਤਾਵੇਜ਼ ਜਿਸ ਦੀ ਮਿਆਦ ਖਤਮ ਹੋ ਜਾਵੇ, ਦਾ ਨਵੀਨੀਕਰਨ ਕਰਵਾਏਗਾ ਅਤੇ ਇਸ ਦੀ ਕਾਪੀ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ), ਅੰਮ੍ਰਿਤਸਰ ਵਿਖੇ ਜਮ੍ਹਾਂ ਕਰਵਾਏਗਾ ।ਜੇਕਰ ਸਕੂਲ ਇਸ ਕੰਮ ਪ੍ਰਤੀ ਅਣਗਹਿਲੀ ਕਰਦਾ ਪਾਇਆ ਜਾਂਦਾ ਹੈ ਤਾਂ ਸਕੂਲ ਦੀ ਮਾਨਤਾ ਬਿਨਾ ਨੋਟਿਸ ਦਿੱਤਿਆਂ ਰੱਦ ਕਰ ਦਿੱਤੀ ਜਾਵੇਗੀ ।

13. ਸਕੂਲ ਕਿਸੇ ਨਿੱਜੀ , ਸਮੂਹ ਜਾਂ ਵਿਅਕਤੀਆਂ ਦੇ ਸਮੂਹਾਂ ਜਾਂ ਕਿਸੇ ਹੋਰ ਵਿਅਕਤੀ ਦੇ ਲਾਭ ਲਈ ਨਹੀਂ ਚਲਾਇਆ ਜਾਵੇਗਾ।

14. ਲੇਖੇ ਕਿਸੇ ਪ੍ਰਮਾਣਿਤ ਚਾਰਟਿਡ ਲੇਖਾਕਾਰ ਦੁਆਰਾ ਆਡਿਟ ਕੀਤਾ ਜਾਣਾ ਚਾਹੀਦਾ ਹੈ ਅਤੇ ਨਿਯਮਾਂ ਅਨੁਸਾਰ ਲੇਖਿਆਂ ਦੀ ਸਟੇਟਮੈਂਟ ਤਿਆਰ ਕੀਤੀ ਜਾਵੇਗੀ।ਹਰ ਲੇਖਾਸਾਰਨੀ ਦੀ ਇੱਕ ਕਾਪੀ ਹਰ ਸਾਲ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਭੇਜੀ ਜਾਵੇਗੀ।

15. ਸਕੂਲ ਸਰਕਾਰ ਅਤੇ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਸਕੂਲੀ ਟਰਾਂਸਪੋਰਟ ਸਬੰਧੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਏਗਾ। ਸਕੂਲ ਸਰਕਾਰ/ਵਿਭਾਗ ਵੱਲੋਂ ਜਾਰੀ ਕੀਤੀ ਸੇਫ ਸਕੂਲ ਵਾਹਨ ਪਾਲਿਸੀ ਦੀ ਪਾਲਣਾ ਯਕੀਨੀ ਬਣਾਏਗਾ।

16. ਆਪ ਦੇ ਸਕੂਲ ਦਾ ਮਾਨਤਾ ਪ੍ਰਾਪਤ ਕੋਡ ਨੰਬਰ ਆਰ.ਟੀ.ਈ ਅੰਮ੍ਰਿਤਸਰ-02281070 ਹੈ। ਇਸ ਨੂੰ ਨੋਟ ਕਰ ਲਿਆ ਜਾਵੇ ਅਤੇ ਇਸ ਦਫਤਰ ਨਾਲ ਪੱਤਰ ਵਿਹਾਰ ਕਰਦੇ ਸਮੇਂ ਇਹ ਦਰਜ ਕੀਤਾ ਜਾਵੇ।

17. ਸਕੂਲ ਡਾਇਰੈਕਟਰ ਜਾਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੁਆਰਾ ਸਮੇਂ ਸਮੇਂ ਤੇ ਮੰਗੀ ਗਈ ਸੂਚਨਾ ਪੇਸ਼ ਕਰੇਗਾ ਅਤੇ ਪੰਜਾਬ ਸਰਕਾਰ/ਸਥਾਨਕ ਅਥਾਰਟੀ ਦੀਆਂ ਹਦਾਇਤਾਂ ਜੋ ਮਾਨਤਾ ਪ੍ਰਾਪਤੀ ਦੀਆਂ ਸ਼ਰਤਾਂ ਪੂਰੀਆਂ ਕਰਨ ਜਾਂ ਸਕੂਲ ਦੇ ਕੰਮਕਾਜ ਵਿੱਚ ਕਮੀਆਂ ਨੂੰ ਦੂਰ ਕਰਨ ਲਈ ਜਾਰੀ ਕੀਤੀਆਂ ਜਾਣਗੀਆਂ ਦੀ ਪਾਲਣਾ ਕਰੇਗਾ।

18. ਸੰਸਥਾਂ ਦੀ ਰਜਿਸਟਰੇਸ਼ਨ ਜਾਂ ਨਵੀਨੀਕਰਨ ਜੇਕਰ ਕੋਈ ਜਰੂਰੀ ਹੋਵੇ ਕਰਵਾਉਣਾ ਯਕੀਨੀ ਬਣਾਇਆ ਜਾਵੇ।

19. ਸਕੂਲ, The Punjab Regulation of Fee of Unaided Educational Institutions Act, 2016 (Punjab Act No. 47 of 2016). ਵਿੱਚ ਦਰਜ ਸ਼ਰਤਾਂ ਅਤੇ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਦਾ ਪਾਬੰਦ ਰਹੇਗਾ।

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)
ਅੰਮ੍ਰਿਤਸਰ